*ਪਾਲਿਸੀ*

*ਪ੍ਰਾਈਵੇਟ ਹਸਪਤਾਲਾਂ ਲਈ ਪੁੱਡਾ ਅਤੇ ਦੂਜੇ ਅਦਾਰਿਆਂ ਵਲੋਂ ਚੈਰੀਟੇਬਲ ਸੰਸਥਾਵਾਂ ਨੂੰ ਜਮੀਨ ਅਲਾਟ ਕਰਨ ਸਬੰਧੀ*

## ਪੰਜਾਬ ਵਿਚ ਸਹਿਰਾਂ/ਕਸਬਿਆਂ ਵਿਖੇ ਪ੍ਰਾਈਵੇਟ ਹਸਪਤਾਲਾਂ ਲਈ ਪੁੱਡਾ, ਵੱਖ ਵੱਖ ਡਿਵੈਲਪਮੈਂਟ ਅਥਾਰਿਟੀਆਂ, ਮਿਉਂਸਿਪਲ ਕਮੇਟੀਆਂ, ਇੰਪਰੂਵਮੈਂਟ ਟਰਸਟ, ਪੰਚਾਇਤੀ ਰਾਜ ਅਤੇ ਉਦਯੋਗ ਵਿਭਾਗ ਵਲੋਂ ਚੈਰੀਟੇਬਲ ਸੰਸਥਾਵਾਂ ਨੂੰ ਭੌਂ ਦੀ ਅਲਾਟਮੈਂਟ ਕਰਨ ਸਬੰਧੀ

**ਭੂਮਿਕਾ (Introduction)**

ਪੰਜਾਬ ਦੇ ਛੋਟੇ ਸਹਿਰਾਂ/ਕਸਬਿਆਂ (ਮੁਹਾਲੀ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਪਟਿਆਲਾ ਸ਼ਹਿਰਾਂ ਨੂੰ ਛੱਡ ਕੇ) ਵਿਖੇ ਚੈਰੀਟੇਬਲ ਸੰਸਥਾਵਾਂ/ਟ੍ਰਸਟ ਅਤੇ ਕੰਪਨੀਆਂ ਜੋ ਕਿ ਸੁਸਾਇਟੀਜ ਰਜਿਸਟ੍ਰੇਸ਼ਨ ਐਕਟ 1860/ਟ੍ਰਸਟ ਐਕਟ 1882 ਅਤੇ ਕੰਪਨੀ ਐਕਟ 1956 ਦੇ ਸੈਕਸ਼ਨ 25 ਅਧੀਨ ਬਿਨਾਂ ਲਾਭ ਕੰਪਨੀ (Not for profit) ਦੇ ਅਧੀਨ ਰਜਿਸਟਰਡ ਹੋਣ ਨੂੰ ਪੁੱਡਾ ਅਤੇ ਹੋਰ ਅਦਾਰਿਆਂ ਵਲੋਂ ਹਸਪਤਾਲਾਂ/ਹਸਪਤਾਲਾਂ ਲਈ ਵਾਜਿਬ ਰੇਟਾਂ ਤੇ, 99 ਸਾਲਾਂ ਦੀ ਲ਼ੀਜ ਦੇ ਅਧਾਰ ਤੇ ਅਤੇ ਪ੍ਰਵਾਨਤ ਟਰਮਜ਼ ਐਂਡ ਕੰਡੀਸ਼ਨਜ਼ ਅਨੁਸਾਰ ਭੌਂ ਮੁਹੱਈਆ ਕਰਨ ਲਈ ਇਹ ਸਕੀਮ ਤਿਆਰ ਕੀਤੀ ਗਈ ਹੈ। ਪੰਜਾਬ ਦੇ ਛੋਟੇ ਸਹਿਰਾਂ/ਕਸਬਿਆਂ ਵਿਚ ਉਤੱਮ ਸਿਹਤ ਲਈ ਸੇਵਾਵਾਂ ਉਪਲਬਧ ਕਰਵਾਉਣ ਦੇ ਉਦੇਸ ਨੂੰ ਮੁੱਖ ਰਖਦੇ ਹੋਏ ਚੈਰੀਟੇਬਲ ਸੰਸਥਾਵਾਂ ਨੂੰ ਸਰਕਾਰ ਵਲੋ ਵਾਜਿਬ ਰੇਟਾਂ ਤੇ ਭੌਂ ਅਲਾਟ ਕਰਨ ਦਾ ਫੈਸਲਾ ਲਿਆ ਹੈ ਤਾਂ ਜੋ ਇਹਨਾਂ ਸਹਿਰਾਂ/ਕਸਬਿਆਂ ਤੇ ਉਤੱਮ ਸਿਹਤ ਸੇਵਾਵਾਂ ਮੁਹੱਈਆ ਹੋ ਸਕਣ। ਇਹਨਾਂ ਚੈਰੀਟੇਬਲ ਸੰਸਥਾਵਾਂ ਨੂੰ ਭੌਂ ਅਲਾਟ ਕਰਨ ਲਈ ਅਖਬਾਰਾਂ ਵਿੱਚ ਵਿਗਿਆਪਨ ਰਾਹੀਂ ਅਰਜ਼ੀਆਂ ਮੰਗਣ ਉਪਰੰਤ ਯੋਗ ਪਾਈ ਗਈ ਚੈਰੀਟੇਬਲ ਸੰਸਥਾ ਨੂੰ ਹੀ ਅਲਾਟਮੈਂਟ ਲਈ ਵਿਚਾਰਿਆ ਜਾਵੇਗਾ, ਸਿੱਧੇ ਤੌਰ ਤੇ ਪ੍ਰਾਪਤ ਹੋਈਆਂ ਅਰਜ਼ੀਆਂ ਨੂੰ ਅਲਾਟਮੈਂਟ ਲਈ ਨਹੀਂ ਵਿਚਾਰਿਆ ਜਾਵੇਗਾ ।

**ਯੋਗਤਾ (Eligibility)**

ਚੈਰੀਟੇਬਲ ਸੰਸਥਾਵਾਂ/ਟ੍ਰਸਟ ਅਤੇ ਕੰਪਨੀਆਂ ਘੱਟ ਤੋ ਘੱਟ ਤਿੰਨ (3) ਸਾਲ ਪਹਿਲਾਂ ਸੋਸਾਇਟੀਜ਼ ਰਜਿਸਟਰੇਸ਼ਨ ਐਕਟ 1860 ਜਾਂ ਟਰੱਸਟ ਐਕਟ 1882 ਜਾਂ ਕੰਪਨੀ ਐਕਟ 1956 ਦੇ ਸੈਕਸ਼ਨ 25 ਬਿਨਾਂ ਲਾਭ ਕੰਪਨੀ (Not for profit) ਅਧੀਨ ਰਜਿਸਟਰਡ ਹੋਵੇ ਅਤੇ ਹੈਲਥ ਸੈਕਟਰ ਵਿੱਚ ਕੰਮ ਕਰ ਰਹੀ ਹਵੇ ।

**ਕਿੰਨੀ ਭੌਂ ਅਲਾਟ ਕੀਤੀ ਜਾਣੀ ਹੈ:-**

ਚੈਰੀਟੇਬਲ ਸੰਸਥਾਵਾਂ ਨੂੰ ਇਸ ਮੰਤਵ ਲਈ ਵੱਧ ਤੋ ਵੱਧ 2000 ਵਰਗ ਗਜ ਭੌਂ 99 ਸਾਲਾਂ ਲਈ ਲੀਜ ਦੇ ਅਧਾਰ ਤੇ ਅਤੇ ਪ੍ਰਵਾਨਤ ਟਰਮਜ਼ ਐਂਡ ਕੰਡੀਸ਼ਨਜ਼ ਅਨੁਸਾਰ ਅਲਾਟ ਕੀਤੀ ਜਾਵੇਗੀ। ਲੇਕਿਨ ਅਲਾਟ ਹੋਣ ਵਾਲੀ ਜਗ੍ਹਾ ਦਾ ਰਕਬਾ 10% ਘੱਟ ਵੱਧ (variation) ਕੀਤਾ ਜਾ ਸਕਦਾ ਹੈ।

**ਚੌਣ ਪ੍ਰਕਿਰਆ (Selection Process)**

ਚੋਣ ਲਈ ਹੇਠ ਲਿਖੇ ਅਨੁਸਾਰ ਮਾਪਦੰਡ ਅਪਣਾਏ ਜਾਣਗੇ

* ਸੰਸਥਾ ਦੇ ਨਾਮਜ਼ਦ ਮੈਂਬਰ ਸੰਸਥਾ ਤੋ ਕੋਈ ਵਿੱਤੀ ਲਾਭ ਪ੍ਰਾਪਤ ਨਾ ਕਰਦੇ ਹੋਣ।
* ਸੰਸਥਾ ਦਾ ਟਰੈਕ ਰਿਕਾਰਡ
* ਸੰਸਥਾ ਦੀ ਵਿੱਤੀ/ਮਾਲੀ ਹਾਲਤ
* ਸਲਾਨਾ/ਆਡਿਟ ਰਿਪੋਰਟ ਤੋ ਸੰਸਥਾ ਦੀ ਜੈਨੂਅਨ-ਨੈਸ/ਬੋਨਾਫਾਈਡ ਤੋ ਵਾਚੀ ਜਾਵੇਗੀ।

**ਸਕਰੀਨਿੰਗ ਕਮੇਟੀ (Screening Committee)**

ਹੇਠ ਦਰਸਾਏ ਗਏ ਮੈਂਬਰਾਂ ਦੀ ਇੱਕ ਕਮੇਟੀ ਗਠਿਤ ਕੀਤੀ ਜਾਵੇਗੀ ਜੋ ਇਨ੍ਹਾਂ ਚੈਰੀਟੇਬਲ ਸੰਸਥਾਂਵਾਂ ਦੀ ਸਥਿਤੀ ਨੂੰ ਚੈਕ ਕਰੇਗੀ ਅਤੇ ਜਗ੍ਹਾ ਅਲਾਟ ਕਰਨ ਸਬੰਧੀ ਆਪਣੀਆਂ ਸਿਫਾਰਿਸ਼ਾਂ ਸਬੰਧਤ ਅਥਾਰਿਟੀਆਂ/ਸਰਕਾਰ ਨੂੰ ਦੇਣਗੇ :-

1. ਸਬੰਧਤ ਅਥਾਰਿਟੀ ਦੇ ਮੁੱਖ ਪ੍ਰਸ਼ਾਸਕ/ਸ਼ਹਿਰੀ ਸਥਾਨਕ ਸੰਸਥਾਂਵਾਂ ਦੇ ਕਮਿਸ਼ਨਰ/ ਸਬੰਧਤ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ।
2. ਸਬੰਧਤ ਡਿਪਟੀ ਕਮਿਸ਼ਨਰ ਜਾਂ ਉਨ੍ਹਾਂ ਦਾ ਨੁਮਾਇੰਦਾ
3. ਸਿਹਤ ਵਿਭਾਗ ਵਲੋਂ ਮੈਡੀਕਲ ਵਿਸ਼ੇਸ਼ਗ (ਸੀ.ਐਮ.ਓ. ਲੈਵਲ ਦਾ ਅਫਸਰ ਹੋਵੇ)।
4. ਸਬੰਧਤ ਅਥਾਰਿਟੀ ਦੇ ਵਧੀਕ ਮੁੱਖ ਪ੍ਰਸ਼ਾਸਕ/ਸੰਯੁਕਤ ਕਮਿਸ਼ਨਰ, ਸ਼ਹਿਰੀ ਸਥਾਨਕ ਸੰਸਥਾਂਵਾਂ / ਸਬੰਧਤ ਕਾਰਪੋਰੇਸ਼ਨ ਦੇ ਵਧੀਕ ਮੈਨੇਜਿੰਗ ਡਾਇਰੈਕਟਰ ।
5. ਮੁੱਖ ਲੇਖਾ ਅਫਸਰ, ਪੁੱਡਾ/ਮੁੱਖ ਲੇਖਾ ਅਫਸਰ, ਸ਼ਹਿਰੀ ਸਥਾਨਕ ਸੰਸਥਾਂਵਾਂ/ ਅਦਾਰਿਆਂ ਦੇ ਲੇਖਾ ਮੁੱਖੀ ।

**ਅਰਜ਼ੀ ਦੇ ਨਾਲ ਫੀਸ (ਬਿਆਨਾ ਰਕਮ)**

ਅਖਬਾਰਾਂ ਰਾਹੀਂ ਚੈਰੀਟੇਬਲ ਸੰਸਥਾਵਾਂ ਤੋਂ ਮੰਗਣ ਵਾਲੀ ਅਰਜ਼ੀ ਨਾਲ ਫੀਸ (ਬਿਆਨਾ ਰਕਮ) 1,00,000/- (ਇੱਕ ਲੱਖ) ਰੁਪਏ ਹੋਵੇਗੀ ਜਿਹੜੀ ਕਿ ਅਲਾਟਮੈਂਟ ਦੀ ਪ੍ਰਕਿਰਆ ਤੋਂ ਬਾਅਦ ਸਫਲ ਸੰਸਥਾਵਾਂ ਦੀ ਇਹ ਰਕਮ ਲੀਜ ਪ੍ਰੀਮੀਅਮ ਵਿੱਚ (Lease Premium) ਵਿੱਚ ਅਡਜਸਟ ਅਤੇ ਅਸਫਲ ਸੰਸਥਾਵਾਂ ਨੂੰ ਇਹ ਰਕਮ ਰਿਫੰਡ ਕੀਤੀ ਜਾਵੇਗੀ ।

**ਲੀਜ ਪ੍ਰੀਮੀਅਮ (Lease Premium)**

1. ਸਫਲ ਸੰਸਥਾਵਾਂ ਨੂੰ ਸਬੰਧਤ ਮਹਿਕਮੇ ਵਲੋਂ ਉਸ ਥਾਂ ਦੇ ਰਿਹਾਇਸ਼ੀ ਮੰਤਵ ਲਈ ਅਲਾਟ ਕਰਨ ਵਾਲੀ ਭੋਂ ਦੀ ਨਿਰਧਾਰਤ ਰਿਜਰਵ ਕੀਮਤ ਦੀ 40% ਰਕਮ ਬਤੌਰ ਲੀਜ ਪ੍ਰੀਮੀਅਮ (Lease Premium) ਵਜੋਂ ਚਾਰਜ ਕੀਤੀ ਜਾਵੇਗੀ। ਇਹ ਰਿਜਰਵ ਕੀਮਤ ਉਸ ਮਿਤੀ ਦੀ ਹੀ ਲਾਗੂ ਹੋਵੇਗੀ ਜਿਸ ਮਿਤੀ ਨੂੰ ਅਲਾਟਮੈਂਟ ਪੱਤਰ ਜਾਰੀ ਕੀਤਾ ਜਾਵੇਗਾ।
2. ਉਪਰੋਕਤ ਪ੍ਰੀਮੀਅਮ ਦੀ 10% ਰਾਸ਼ੀ- ਅਲਾਟਮੈਂਟ ਦੇ ਸਮੇਂ ਤੇ, 15% ਰਾਸ਼ੀ - ਅਲਾਟਮੈਂਟ ਹੋਣ ਤੋਂ 30 ਦਿਨਾਂ ਦੇ ਅੰਦਰ-2, 75% ਰਾਸ਼ੀ - ਤਿੰਨ ਸਾਲਾਂ ਦੀ ਬਰਾਬਰ-2 ਕਿਸ਼ਤਾਂ 12% ਵਿਆਜ ਸਮੇਤ, (ਜੇਕਰ ਪੇਮੈਂਟ ਵਿੱਚ ਦੇਰੀ ਹੋ ਜਾਂਦੀ ਹੈ ਤਾਂ ਡਿਫਾਲਟ ਪੇਮੈਂਟ ਤੇ ਉਪਰੋਕਤ 12% ਤੋਂ ਇਲਾਵਾ 3% ਹੋਰ ਪੀਨਲ ਵਿਆਜ ਚਾਰਜ ਕੀਤਾ ਜਾਵੇਗਾ ।)

**ਲੀਜ ਰੈਂਟ**

* ਲੀਜ ਪ੍ਰੀਮੀਅਮ (Lease Premium) ਦਾ 2.5% (ਢਾਈ ਪ੍ਰਤੀਸ਼ਤ) ਸਲਾਨਾ ਲੀਜ਼ ਰੈਂਟ ਹੋਵੇਗਾ। ਇਹ ਲੀਜ ਪ੍ਰੀਮੀਅਮ ਤੋਂ ਵਖਰਾ ਚਾਰਜ ਕੀਤਾ ਜਾਵੇਗਾ।
* ਇਹ ਲੀਜ਼ ਰੈਂਟ ਹਰ ਵਿੱਤੀ ਸਾਲ ਅਪਰੈਲ ਦੇ ਮਹੀਨੇ ਵਿਚ ਐਡਵਾਂਸ ਜਮਾਂ ਕਰਵਾਈ ਜਾਵੇਗੀ।
* ਸਬੰਧਤ ਮਹਿਕਮਿਆਂ ਨੂੰ ਲੀਜ ਡੀਡ ਦੀ ਮਿਤੀ ਅਤੇ/ਜਾਂ ਕਬਜਾ ਲੈਣ ਦੀ ਮਿਤੀ ਤੋਂ (ਜੋ ਵੀ ਪਹਿਲਾਂ ਹਵੇ), ਹਰ 10 ਸਾਲ ਬਾਅਦ ਲੀਜ ਰੈਂਟ ਨੂੰ ਵਧਾਉਣ ਦਾ ਅਧਿਕਾਰ ਹੋਵੇਗਾ। ਲੇਕਿਨ ਇਹ ਵਾਧਾ ਸਾਲਾਨਾ ਲੀਜ ਰੈਂਟ ਦੇ 50% ਤੋਂ ਜਿਆਦਾ ਨਹੀਂ ਹੋਵੇਗਾ।
* ਜੇਕਰ ਸੰਸਥਾ ਲੀਜ਼ ਰੈਂਟ ਨਿਰਧਾਰਤ ਸਮੇਂ ਵਿਚ ਜਮਾਂ ਨਹੀ ਕਰਵਾਉਂਦੀ ਤਾਂ ਸੰਸਥਾ ਦੀ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ ।

{ਉਦਾਹਰਣ ਦੇ ਤੌਰ ਤੇ ਦੱਸਿਆ ਜਾਂਦਾ ਹੈ ਕਿ ਜੇਕਰ ਇੱਕ ਸ਼ਹਿਰ ਵਿੱਚ ਰਿਹਾਇਸ਼ੀ ਪਲਾਟ ਦੀ ਰਿਜਰਵ ਕੀਮਤ 10,000/- ਰੁਪਏ ਪ੍ਰਤੀ ਵਰਗ ਗੱਜ ਹੈ ਤਾਂ 2000 ਵਰਗ ਗੱਜ ਲਈ 40% ਦੇ ਹਿਸਾਬ ਨਾਲ ਕੁੱਲ ਪ੍ਰੀਮੀਅਮ 80.00 ਲੱਖ ਰੁਪਏ ਰਕਮ ਬਣਦੀ ਹੈ। ਜਿਸ ਦੀ 2.5% ਦੇ ਹਿਸਾਬ ਨਾਲ 2.00 ਲੱਖ ਰੁਪਏ ਸਾਲਾਨਾਂ ਲੀਜ ਰੈਂਟ ਬਣਦੀ ਹੈ।}

**ਅਲਾਟਮੈਂਟ ਪੱਤਰ**

* ਸਫਲ ਸੰਸਥਾ ਵਲੋਂ ਸਾਰੀਆਂ ਫਾਰਮੈਲਟੀਆਂ ਮੁਕੰਮਲ ਕਰਨ ਉਪਰੰਤ ਅਲਾਟਮੈਂਟ ਪੱਤਰ ਜਿਸ ਵਿਚ ਡਿਟੇਲਡ ਟਰਮਜ਼ ਐਂਡ ਕੰਡੀਸ਼ਨਜ਼ ਹੋਣਗੀਆਂ, ਜਾਰੀ ਕੀਤਾ ਜਾਵੇਗ।

**ਕਬਜ਼ਾ**

* ਸੰਸਥਾ ਅਲਾਟਮੈਂਟ ਪੱਤਰ ਜਾਰੀ ਹੋਣ ਤੇ ਤਿੰਨ ਮਹੀਨੇ ਦੇ ਅੰਦਰ-ਅੰਦਰ ਭੋਂ ਦਾ ਕਬਜ਼ਾ ਪ੍ਰਾਪਤ ਕਰਨ ਲਈ ਪਾਬੰਦ ਹੋਵੇਗੀ ਬਸ਼ਰਤ ਕਿ ਸੰਸਥਾ ਵਲੋਂ ਲੀਜ ਪ੍ਰੀਮੀਅਮ (Lease Premium) ਅਤੇ ਲੀਜ ਮਨੀ ਜਮ੍ਹਾਂ ਕਰਵਾਈ ਹੋਵੇ ।
* ਅਲਾਟ/ਕਬਜੇ ਵਾਲੀ ਜਗ੍ਹਾ ਦਾ ਰਕਬਾ ਅਪਲਾਈ/ਅਲਾਟ ਕੀਤੀ ਜਗ੍ਹਾ ਦੇ ਰਕਬੇ ਤੋਂ ਘੱਟ-ਵੱਧ ਹੋ ਸਕਦਾ ਹੈ। ਜੇਕਰ ਜਗ੍ਹਾ ਦਾ ਰਕਬਾ ਜਾਰੀ ਕੀਤੇ ਗਏ ਅਲਾਟਮੈਂਟ ਪੱਤਰ ਅਤੇ ਅਸਲ ਵਿੱਚ ਦਿੱਤੀ ਗਈ ਜਗ੍ਹਾ ਦੇ ਕਬਜੇ ਵਿੱਚ ਘੱਟ ਵੱਧ ਦਾ ਅੰਤਰ ਆ ਜਾਂਦਾ ਹੈ ਤਾਂ ਅਸਲ ਜਗ੍ਹਾ ਦੇ ਅਨੁਸਾਰ ਹੀ ਮੁਢਲੀ ਅਦਾਇਗੀ ਚਾਰਜ ਕੀਤੀ ਜਾਵੇਗੀ। ਇਸ ਬਾਰੇ ਕਿਸੇ ਵੀ ਝਗੜੇ/ਇਤਰਾਜ ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਵੇਗੀ। ਅਲਾਟੀ ਵਲੋਂ ਪਲਾਟ ਨੂੰ ਤਬਦੀਲ ਕਰਨ ਜਾਂ ਜਮ੍ਹਾਂ ਕਰਵਾਈ ਗਈ ਰਕਮ ਨੂੰ ਵਾਪਿਸ ਲੈਣ ਦਾ ਹੱਕ ਨਹੀਂ ਹੋਵੇਗਾ। ਜੇਕਰ ਕਬਜੇ ਵਾਲੀ ਜਗ੍ਹਾ ਅਤੇ ਅਲਾਟ ਕੀਤੀ ਜਗ੍ਹਾ ਵਿੱਚ 10% ਤੋਂ ਜਿਆਦਾ ਅੰਤਰ ਹੁੰਦਾ ਹੈ ਤਾਂ ਅਲਾਟੀ ਵਲੋਂ ਇਸ ਘੱਟ ਜਾਂ ਵੱਧ ਰਕਬੇ ਨੂੰ ਲੈਣ ਜਾਂ ਨਹੀਂ ਲੈਣ ਦਾ ਹੱਕ ਹੋਵੇਗਾ। ਇਸ ਬਾਰੇ ਅਲਾਟੀ 30 ਦਿਨਾਂ ਦੇ ਅੰਦਰ-2 ਰਿਫੰਡ ਦੀ ਮੰਗ ਕਰ ਸਕਦਾ ਹੈ ਪਰੰਤੂ ਅਲਾਟੀ ਵਲੋਂ ਜਮ੍ਹਾਂ ਕਰਵਾਈ ਗਈ ਰਕਮ ਨੂੰ ਵਾਪਿਸ ਕਰਨ ਤੇ ਕੋਈ ਵੀ ਵਿਆਜ ਨਹੀਂ ਦਿੱਤਾ ਜਾਵੇਗਾ।

**ਮਲਕੀਅਤ**

* ਅਲਾਟ ਕੀਤੀ ਭੋਂ ਦੀ ਮਲਕੀਅਤ ਦਾ ਮਾਲਕਾਨਾ ਹੱਕ ਹਮੇਸ਼ਾਂ ਲਈ ਵਿਭਾਗ ਦਾ ਹੋਵੇਗਾ। ਸੰਸਥਾ ਦਾ ਕੋਈ ਹੱਕ ਨਹੀ ਹੋਵੇਗਾ ਕਿ ਉਹ ਇਹ ਭੋਂ ਕਿਸੇ ਨੂੰ ਟਰਾਂਸਫਰ ਕਰੇ ਜਾਂ ਵੇਚੇ ਆਦਿ ਆਦਿ।
* ਸੰਸਥਾ ਭੋਂ ਤੇ ਉਸਾਰੀ ਕਰਨ ਲਈ ਬੈਂਕ/ਵਿੱਤੀ ਸੰਸਥਾਵਾਂ ਤੋਂ ਕਰਜ਼ਾ ਲੈਣ ਲਈ ਭੋਂ ਨੂੰ ਮਾਰਟਗੇਜ ਕਰਨ ਦੀ ਆਗਿਆ ਸਬੰਧਤ ਮਹਿਕਮੇ ਤੋਂ ਲੈ ਸਕਦੀ ਹੈ। ਮਾਰਟਗੇਜ ਕਰਨ ਦੀ ਆਗਿਆ ਇਸ ਸ਼ਰਤ ਦੇ ਦਿੱਤੀ ਜਾਵੇਗੀ ਕਿ ਲਿਆ ਗਿਆ ਕਰਜਾ ਉਸੀ ਸੰਸਥਾਂ ਤੇ ਖਰਚ ਕੀਤਾ ਜਾਵੇਗਾ। ਇਸ ਲਈ ਪ੍ਰੋਸੈਸਿੰਗ ਫੀਸ ਵਜੋਂ 1000/- ਰੁਪਏ ਚਾਰਜ ਕੀਤੇ ਜਾਣਗੇ।
* ਸੰਸਥਾ, ਇਹ ਭੋਂ ਜਿਸ ਮੰਤਵ ਲਈ ਅਲਾਟ ਕੀਤੀ ਗਈ ਹੈ ਉਸ ਮੰਤਵ ਲਈ ਹੀ ਵਰਤੇਗੀ ਅਤੇ ਇਸ ਭੋਂ ਦਾ ਮੰਤਵ ਕਿਸੇ ਵੀ ਹਾਲਤ ਵਿਚ ਤਬਦੀਲ ਨਹੀਂ ਕੀਤਾ ਜਾਵੇਗਾ।

**ਲੀਜ ਡੀਡ ਦੀ ਪੂਰਤੀ/ਸਟੈਂਪ ਡਿਊਟੀ ਦੀ ਕੀਮਤ**

ਅਲਾਟੀ ਵਲੋਂ ਐਲ.ਓ.ਆਈ. ਜਾਰੀ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਲੀਜ ਡੀਡ ਨੂੰ ਐਕਜ਼ੀਕਿਊਟ ਕੀਤਾ ਜਾਵੇ ਅਤੇ ਉਸ ਤੋਂ 15 ਦਿਨਾਂ ਬਾਅਦ ਜਗ੍ਹਾ ਦਾ ਕਬਜਾ ਦਿੱਤਾ ਜਾਵੇਗਾ। ਸਟੈਂਪ ਡਿਊਟੀ, ਰਜਿਸਟਰੇਸ਼ਨ ਅਤੇ ਕਾਨੂੰਨੀ ਪੱਖੋਂ ਆਉਣ ਵਾਲੇ ਖਰਚੇ ਅਲਾਟੀ ਵਲੋਂ ਕੀਤੇ ਜਾਣਗੇ। ਸਟੈਂਪ ਡਿਊਟੀ ਦੇ ਰੇਟ ਪੰਜਾਬ ਸਰਕਾਰ ਵਲੋਂ ਸਮੇਂ ਸਮੇਂ ਤੇ ਜਾਰੀ ਕੀਤੀ ਜਾਣ ਵਾਲੀ ਨੋਟਿਫਿਕੇਸ਼ਨ ਅਨੁਸਾਰ ਹੋਣਗੇ।

**<u>ਰੱਖ ਰਖਾਵ ਦੀ ਜਿੰਮੇਵਾਰੀ/ਕਰ੍ਹਾਂ ਦੀ ਅਦਾਇਗੀ</u>**

ਸੰਸਥਾ ਦੇ ਰੱਖ ਰਖਾਵ ਦੀ ਜਿੰਮੇਵਾਰੀ ਅਤੇ ਬਿਲਡਿੰਗ ਦੀ ਉਸਾਰੀ ਤੇ ਸਮੇਂ ਸਮੇਂ ਤੇ ਚਾਰਜ ਕੀਤੇ ਜਾਣ ਵਾਲੇ ਕਰ੍ਹਾਂ ਦੀ ਅਦਾਇਗੀ ਵੀ ਅਲਾਟੀ/ਲੈਸੀ/ਕਬਜਦਾਰ ਵਲੋਂ ਕੀਤੀ ਜਾਵੇਗੀ।

**<u>ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਸਮਾਂ</u>**

* ਸੰਸਥਾ ਵਲੋ ਭੌਂ ਦਾ ਕਬਜ਼ਾ ਲੈਣ ਉਪਰੰਤ ਸਾਰਾ ਪ੍ਰੋਜੈਕਟ ਤਿੰਨ ਸਾਲਾਂ ਦੇ ਅੰਦਰ-ਅੰਦਰ ਫੇਜ਼ ਮੈਨਰ ਵਿਚ ਮੁਕੰਮਲ ਕਰਨ ਲਈ ਪਾਬੰਦ ਹੋਵੇਗੀ ਅਤੇ ਇਹ ਸਮਾਂ ਕਿਸੇ ਵੀ ਸੂਰਤ ਵਿਚ ਵਧਾਇਆ ਨਹੀਂ ਜਾਵੇਗਾ।

**<u>ਅਲਾਟਮੈਂਟ ਦੀਆਂ ਹੋਰ ਸ਼ਰਤਾਂ</u>**

* ਸੰਸਥਾ ਵਲੋਂ 25% ਮਰੀਜ਼ਾਂ ਦਾ ਓ.ਪੀ.ਡੀ. ਵਿੱਚ ਅਤੇ 10% ਮਰੀਜ਼ਾਂ ਦਾ ਆਈ.ਪੀ.ਡੀ ਵਿੱਚ ਮੁਫਤ ਇਲਾਜ ਕੀਤਾ ਜਾਵੇਗਾ। ਇਨ੍ਹਾਂ ਮਰੀਜਾਂ ਵਲੋਂ ਹਸਪਤਾਲ ਦੇ ਦਾਖਲੇ, ਬਿਸਤਰ, ਦਵਾਈਆਂ, ਇਲਾਜ, ਸਰਜਰੀ, ਨਰਸਿੰਗ, ਖਪਤ ਅਤੇ ਨਾ-ਖਪਤ ਹੋਣ ਵਾਲੀਆਂ ਚੀਜਾਂ ਤੇ ਆਉਣ ਵਾਲੇ ਖਰਚੇ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।
* ਸੰਸਥਾ ਟ੍ਰਾਮਾ ਦੇ ਮਰੀਜ਼ਾਂ ਨੂੰ ਛੱਡ ਕੇ ਬਾਕੀ ਮਰੀਜ਼ਾਂ ਦੀਆਂ ਵੱਖ ਵੱਖ ਬਿਮਾਰੀਆਂ ਬਾਰੇ ਸੀਨੀਆਰਤਾ ਰਜਿਸਟਰ ਤਿਆਰ ਕਰੇਗੀ ਅਤੇ ਉਹਨਾਂ ਦਾ ਫਸਟ-ਕਮ-ਫਸਟ ਸਰਵ ਆਧਾਰ ਤੇ ਇਲਾਜ ਕਰੇਗੀ । ਡਾਕਟਰ ਵਲੋਂ ਮਰੀਜ ਨੂੰ ਵੇਖ ਕੇ ਕੀਤੀ ਗਈ ਸਿਫਾਰਸ਼ ਨੂੰ ਵੀ ਤਵੱਜੋ ਦਿੱਤੀ ਜਾਵੇਗੀ ।

* ਜੇਕਰ ਹਸਪਤਾਲ ਵਲੋਂ ਉਪਰੋਕਤ ਅਨੁਸਾਰ ਕੋਈ ਰਕਮ ਵਸੂਲੀ ਜਾਂਦੀ ਹੈ ਤਾਂ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਸ਼ਰਤ ਦੀ ਉਲੰਘਣਾ ਵਿੱਚ ਸੰਸਥਾ ਦਾ ਨਿਰਦੇਸ਼ਕ/ਮੈਡੀਕਲ ਸੁਪਰਡੰਟ/ਮੈਂਬਰ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ।
* ਇਨ੍ਹਾਂ ਹਸਪਤਾਲਾਂ ਵਲੋਂ ਉਪਰੋਕਤ 25% ਮਰੀਜ਼ਾਂ ਦਾ ਓ.ਪੀ.ਡੀ. ਵਿੱਚ ਅਤੇ 10% ਮਰੀਜ਼ਾਂ ਦਾ ਆਈ.ਪੀ.ਡੀ. ਵਿੱਚ ਮੁਫਤ ਇਲਾਜ ਦਾ ਕੰਪਿਊਟਰਾਈਜਡ ਵੇਰਵਾ ਰੱਖਿਆ ਜਾਵੇਗਾ।
* ਆਈ.ਪੀ.ਡੀ. ਵਿੱਚ ਰਿਜਰਵ ਕੀਤੇ ਗਏ 10% ਅਨੁਸਾਰ ਖਾਲੀ ਪਏ ਜਾਂ ਭਰੇ ਹੋਏ ਬਿਸਤਰੇ (Beds) ਦਾ ਵੇਰਵਾ ਹਰ ਰੋਜ ਨੋਟਿਸ ਬੋਰਡ ਤੇ ਪ੍ਰਦਰਸ਼ਿਤ ਕੀਤਾ ਜਾਵੇਗਾ।
* ਇਹ ਕੰਪਿਊਟਰਾਈਜਡ ਰਿਕਾਰਡ ਇੰਸਪੈਕਸ਼ਨ ਟੀਮ ਜਿਸ ਵਿੱਚ ਡਿਪਟੀ ਕਮਿਸ਼ਨਰ ਜਾਂ ਉਨ੍ਹਾਂ ਦਾ ਨੁਮਾਇਦਾ, ਸੀ.ਐਮ.ਓ. ਜਾਂ ਉਨ੍ਹਾਂ ਦਾ ਨੁਮਾਇੰਦਾ ਅਤੇ 1 ਸਿਹਤ ਦੇ ਖੇਤਰ ਵਿੱਚ ਕੰਮ ਕਰ ਰਹੀ ਐਨ.ਜੀ.ਓ. (ਡਿਪਟੀ ਕਮਿਸ਼ਨਰ ਵਲੋਂ ਇਸ ਐਨ.ਜੀ.ਓ. ਨੂੰ 3-3 ਸਾਲਾਂ ਲਈ ਨਾਮਜਦ ਕੀਤਾ ਜਾਵੇਗਾ), ਵਲੋਂ ਹਰ ਦੋ ਮਹੀਨੇ ਬਾਅਦ ਵੇਖਿਆ ਜਾਵੇਗਾ। ਇਸ ਇੰਸਪੈਕਸ਼ਨ ਟੀਮ ਵਲੋਂ ਇਸ ਬਾਰੇ ਰਿਪੋਰਟ ਹਰ 6 ਮਹੀਨੇ ਬਾਅਦ ਡਾਇਰੈਕਟਰ, ਸਿਹਤ ਵਿਭਾਗ ਨੂੰ ਭੇਜੀ ਜਾਵੇਗੀ ਅਤੇ ਇਸ ਦਾ ਇੱਕ ਉਤਾਰਾ ਸਬੰਧਤ ਅਲਾਟਮੈਂਟ ਅਥਾਰਿਟੀ ਨੂੰ ਵੀ ਭੇਜਿਆ ਜਾਵੇਗਾ।
* ਜੇਕਰ ਇੰਸਪੈਕਸ਼ਨ ਟੀਮ ਵਲੋਂ ਸੰਸਥਾ ਦੇ ਕੰਮ ਵਿੱਚ ਕੋਈ ਖਾਮੀ ਪਾਈ ਜਾਂਦੀ ਹੈ ਤਾਂ ਇਸ ਬਾਰੇ ਅਲਾਟਮੈਂਟ ਕਰਨ ਵਾਲੇ ਮਹਿਕਮੇ ਨੂੰ ਸੂਚਿਤ ਕੀਤਾ ਜਾਵੇਗਾ ।
* ਮੁਫਤ ਇਲਾਜ ਦੀ ਸੁਵਿਧਾ ਗਰੀਬੀ ਰੇਖਾ ਤੋਂ ਨੀਚੇ ਜਾਂ ਪੀਲੇ ਕਾਰਡ ਧਾਰਕ/ਨੀਲੇ ਕਾਰਡ ਧਾਰਕ/ ਜਿਨ੍ਹਾਂ ਪਾਸ ਰਾਸ਼ਟਰੀ ਰਜਗਾਰ ਗਾਰੰਟੀ ਯੋਜਨਾ ਤਹਿਤ ਜਾਬ ਕਾਰਡ ਹੋਵੇ/ ਜਿਨ੍ਹਾਂ ਦੀ ਆਮਦਨ 5000/- ਪ੍ਰਤੀ ਮਹੀਨਾ ਤੋਂ ਘੱਟ ਹੋਵੇ, ਵਾਲੇ ਮਰੀਜਾਂ ਨੂੰ ਹੀ ਦਿੱਤੀ ਜਾਵੇਗੀ।
* ਸੰਸਥਾ ਵਲੋਂ ਮੁਫਤ ਇਲਾਜ ਦੀ ਸਹੂਲਤ ਸਬੰਧੀ ਇਸ਼ਤਿਹਾਰ ਇਮਾਰਤ ਵਿੱਚ ਵਿਸ਼ੇਸ਼ ਰੂਪ ਵਿੱਚ ਪ੍ਰਦਰਸ਼ਿਤ (display) ਕੀਤਾ ਜਾਵੇਗਾ ।

**<u>ਅਲਾਟਮੈਂਟ ਰੱਦ ਕਰਨ ਬਾਰੇ।</u>**

ਜੇਕਰ ਵਿਭਾਗ ਵਲੋਂ ਇਹ ਸਮਝਿਆ ਗਿਆ ਕਿ ਸੰਸਥਾ ਵਲੋਂ ਅਲਾਟ ਕੀਤੀ ਗਈ ਭੌਂ ਤੇ ਪ੍ਰੋਜੈਕਟ ਨੂੰ ਚਲਾਉਣ ਦਾ ਕੰਮ ਤਸੱਲੀਬਖਸ਼ ਨਹੀਂ ਕੀਤਾ ਤਾਂ ਭੌਂ ਦੀ ਅਲਾਟਮੈਂਟ ਕੈਂਸਲ ਕਰ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਜੇਕਰ ਸੰਸਥਾ ਵਲੋ ਅਲਾਟਮੈਂਟ ਪੱਤਰ ਦੀ ਕਿਸੇ ਵੀ ਸ਼ਰਤ ਦੀ ਉਲੰਘਣਾ ਕੀਤੀ ਗਈ ਤਾਂ ਵੀ ਅਲਾਟਮੈਂਟ ਕੈਂਸਲ ਕਰ ਦਿੱਤੀ ਜਾਵੇਗੀ।

**<u>ਆਵੇਦਨ ਪੱਤਰ ਵਿੱਚ ਗਲਤ ਜਾਣਕਾਰੀ ਦਾ ਸਿੱਟਾ</u>**

ਜੇਕਰ ਕਿਸੇ ਸਮੇਂ ਵੀ ਇਹ ਪਾਇਆ ਜਾਂਦਾ ਹੈ ਕਿ ਆਵੇਦਨ ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਗਲਤ ਹੈ ਜਾਂ ਕਿਸੇ ਤੱਤ ਨੂੰ ਛੁਪਾਇਆ ਗਿਆ ਹੈ ਜਾਂ ਬਿਲਡਿੰਗ ਰੂਲਜ਼ ਦੀ ਉਲੰਘਣਾ ਕੀਤੀ ਗਈ ਹੈ ਤਾਂ ਇਹ ਅਲਾਟਮੈਂਟ ਕੈਂਸਲ ਕਰ ਦਿੱਤੀ ਜਾਵੇਗੀ ਅਤੇ ਸੰਸਥਾ ਦਾ ਕਬਜਾ ਅਲਾਟੀ ਪਾਸੋਂ ਲੈ ਲਿਆ ਜਾਵੇਗਾ। ਇਸ ਤਰ੍ਹਾਂ ਦੀ ਸਥਿਤੀ ਵਿੱਚ ਅਲਾਟੀ ਨੂੰ ਕੋਈ ਵੀ ਮੁਆਵਜਾ ਨਹੀਂ ਦਿੱਤਾ ਜਾਵੇਗਾ।